ABBOTSFORD

# ਟੈਕਸ ਨਿਊਜ਼ਲੈਟਰ 2024

## ਸਿਟੀ ਆਫ ਐਬਟਸਫੋਰਡ

## **ਐਬਟਸਫੋਰਡ ਸਿਟੀ ਕੌਂਸਲ** ਵੱਲੋਂ ਸੁਨੇਹਾ

ਐਬਟਸਫੋਰਡ ਸਿਟੀ ਕੌਂਸਲ ਹੁਣ ਚੰਗੀ ਤਰ੍ਹਾਂ ਸੇਵਾ ਦੇ ਆਪਣੇ ਦੂਸਰੇ ਸਾਲ 'ਚ ਹੈ, ਅਤੇ ਕੁੱਲ ਮਿਲਾਕੇ ਆਪਣਾ ਇਕੱਠਿਆਂ ਦਾ ਸਮਾਂ ਬੜਾ ਚੰਗਾ ਰਿਹਾ। ਜਦੋਂ ਅਸੀਂ ਪਿੱਛੇ ਵੱਲ ਨੂੰ ਵੇਖਦੇ ਹਾਂ, ਅਸੀਂ ਖੁਸ਼ ਹੁੰਦੇ ਹਾਂ ਉਸ ਤਰੱਕੀ ਨੂੰ ਵੇਖ ਕੇ, ਜਿਹੜੀ ਅਸੀਂ ਕੀਤੀ ਅਤੇ ਉਸ ਵੱਡੇ ਸਹਿਯੋਗ 'ਤੇ, ਜਿਹੜਾ ਸਾਡੇ ਸ਼ਹਿਰ 'ਚੋਂ ਮਿਲਿਆ, ਜਦੋਂ ਅਸੀਂ 2022-2026 ਦੀ ਆਪਣੀ ਰਣਨੀਤਕ ਯੋਜਨਾਂ ਦੇ ਕਈ ਸਾਰੇ ਨਿਸ਼ਾਨਿਆਂ ਅਤੇ ਤਰਜੀਹੀ ਕਾਰਵਾਈਆਂ ਨੂੰ ਅਗਾਂਹ ਵਧਾਉਣ ਵਾਸਤੇ ਕੰਮ ਰਹੇ ਸਾਂ।

ਮਿਸਾਲ ਵਜੋਂ, ਅਸੀਂ ਆਪਣੀ ਕਲਚਰਲ ਕੁਨੈਕਟ ਸਟ੍ਰੈਟਜੀ ਦੇ ਮੂਲ ਹਿੱਸਿਆਂ ਨੂੰ ਲਾਗੂ ਕੀਤਾ, ਕਈ ਪਾਰਕ ਸੁਵਿਧਾਵਾਂ ਨੂੰ ਵਧਾਇਆ, ਮੈਕੀ ਨੇਬਰਹੁੱਡ ਪਲੈਨ ਨੂੰ ਅਪਣਾਇਆ, ਐਬਟਸਫੋਰਡ ਇੰਟਰਨੈਸ਼ਨਲ ਏਅਰਪੋਰਟ 'ਤੇ ਟਰਮੀਨਲ ਵਿਸਥਾਰਾਂ ਨੂੰ ਪੂਰਿਆਂ ਕੀਤਾ, ਕਈ ਸਿਟੀ ਸੇਵਾਵਾਂ ਦਾ ਆਧੁਨਿਕੀਕਰਨ ਕੀਤਾ, ਅਤੇ ਬੇਸ਼ੱਕ, ਇਹ ਯਕੀਨੀ ਬਣਾਉਣ ਲਈ ਕਿ ਸਾਡੀ ਕਮਿਊਨਿਟੀ ਸੁਰੱਖਿਅਤ ਅਤੇ ਪੁਨਰ-ਸਥਾਪਨ ਵਾਲੀ ਬਣੀ ਰਹੇ, ਅਸੀਂ ਆਪਣੀ ਲੰਮੀ ਮਿਆਦ ਦੀ ਹੜ੍ਹ ਘਟਾਉਣ ਦੀ ਯੋਜਨਾਂ ਨਾਲ ਸਬੰਧਤ ਜ਼ਰੂਰੀ ਕੰਮਾਂ ਵਾਸਤੇ 1.6 ਬਿਲੀਅਨ ਡਾਲਰ ਦੀ ਅਰਜ਼ੀ ਦਾਇਰ ਕੀਤੀ। ਤਕਰੀਬਨ ਦੋ ਸਾਲਾਂ ਦੀ ਵਕਾਲਤ ਤੋਂ ਮਗਰੋਂ, ਮਾਰਚ 2024 ਵਿਚ ਸਿਟੀ ਨੇ ਬੈਰੋਟਾਊਨ ਪੰਪ ਸਟੇਸ਼ਨ ਨੂੰ ਅੱਪਗਰੇਡ ਕਰਨ ਵਾਸਤੇ 76.6 ਮਿਲੀਅਨ ਡਾਲਰ ਪ੍ਰਾਪਤ ਕੀਤੇ। ਤੁਸੀਂ 2023 ਦੀਆਂ ਮੂਲ ਪ੍ਰਾਪਤੀਆਂ ਬਾਰੇ ਹੋਰ ਜ਼ਿਆਦਾ ਹੇਠਾਂ ਜਾਣ ਸਕਦੇ ਜਾਂ ੳਬਬੋਟਸਡੋਰਦ.ਚੳ/ ਸਟਰੳਟੲਗਚਿ. 'ਤੇ ਜਾ ਕੇ ਆਨਲਾਈਨ ਵੇਖ ਸਕਦੇ ਹੋ।

ਨੇਬਰਹੁੱਡ ਕਮਿਊਨਿਟੀਆਂ ਦੀਆਂ ਕਈ ਸਿਟੀ ਕੌਂਸਲਾਂ ਵਾਂਗ ਸਾਨੂੰ ਕੁਝ ਚੁਣੌਤੀਆਂ-ਭਰਪੂਰ ਮੁੱਦਿਆਂ ਨਾਲ ਨਿਪਟਣਾ ਪਿਆ, ਜਿੰਨ੍ਹਾਂ 'ਚੋਂ ਜੇ ਕੁਝ ਕੁ ਨਾਂ ਲੈਣੇ ਹੋਣ ਤਾਂ ਉਹ ਸਨ ਬੇਘਰਾਪਣ, ਪੁੱਜਤਯੋਗ ਰਿਹਾਇਸ਼ਾਂ, ਸਾਡੇ ਖੇਤਰ 'ਚ ਮਾਨਸਿਕ ਸਿਹਤ ਅਤੇ ਡਰੱਗ/ਨਸ਼ਿਆਂ ਦੀ ਦੁਰਵਰਤੋਂ ਦੇ ਸੰਕਟ ਦੇ ਅਸਰ, ਮਹਿੰਗਾਈ ਦੇ ਪ੍ਰਭਾਵ, ਉੱਚੀਆਂ ਵਿਆਜ਼ ਦਰਾਂ, ਅਤੇ ਵਧ ਰਹੀਆਂ ਕੀਮਤਾਂ। ਇਹ ਮੁੱਦੇ ਸਾਡੇ ਧਿਆਨ ਅਤੇ ਵਕਾਲਤ ਦੇ ਮਹੱਤਵਪੂਰਨ ਮੁੱਦੇ ਬਣੇ ਰਹਿੰਦੇ ਹਨ ਅਤੇ ਅਸੀਂ ਹੁਣ ਅਤੇ ਅਗਾਂਹ ਭਵਿੱਖ ਵਿਚ ਐਬਟਸਫੋਰਡ ਨੂੰ ਰਹਿਣ ਵਾਸਤੇ ਇਕ ਵਧੀਆ ਜਗਾਹ ਬਣਾਈ ਰੱਖਣ ਲਈ ਅਤੇ ਆਪਣੇ ਵਿਚਲੇ ਸਭ ਤੋਂ ਕਮਜ਼ੋਰ ਲੋਕਾਂ ਲਈ ਵਧੇਰੇ ਸਰੋਤ ਅਤੇ ਸਹਾਇਤਾ ਪ੍ਰਾਪਤ ਕਰਨ ਵਾਸਤੇ ਧੱਕਾ ਲਾਉਂਦੇ ਰਹਿਣਾ ਜਾਰੀ ਰੱਖਾਂਗੇ।

ਐਬਟਸਫੋਰਡ ਇਕ ਤੇਜ਼ ਗਤੀ ਨਾਲ ਵਧਦਾ ਫੁੱਲਦਾ ਆ ਰਿਹਾ ਹੈ ਅਤੇ ਇਸ ਵਾਧੇ ਦੇ ਹੌਲੀ ਹੋ ਜਾਣ ਦੇ ਕੋਈ ਸੰਕੇਤ ਨਜ਼ਰ ਨਹੀਂ ਆਉਂਦੇ।

ਇਸ ਵਾਸਤੇ ਸਹਾਇਕ ਬਣਨ ਲਈ, ਅਤੇ ਇਸਨੂੰ ਆਉਂਦੇ 25 ਸਾਲ ਜਾਰੀ ਰੱਖਣ ਲਈ ਅਸੀਂ ਆਪਣੀ ਆਫੀਸ਼ਿਅਲ ਕਮਿਊਨਿਟੀ ਪਲੈਨ ਨੂੰ ਅੱਪਡੇਟ ਕਰਨ ਦਾ ਅਮਲ ਸ਼ੁਰੂ ਕੀਤਾ ਹੈ, ਅਤੇ ਮਈ ਮਹੀਨੇ 'ਚ ਸ਼ਹਿਰ ਨਿਵਾਸੀਆਂ ਅਤੇ ਕਾਰੋਬਾਰਾਂ ਨਾਲ ਇਹ ਜਾਨਣ ਲਈ ਆਦਾਨ-ਪ੍ਰਦਾਨ ਕਰਨਾਂ ਸ਼ੁਰੂ ਕੀਤਾ ਕਿ ਉਨ੍ਹਾਂ ਲਈ ਕੀ ਮਹੱਤਵਪੂਰਨ ਹੈ ਅਤੇ ਉਨ੍ਹਾਂ ਦੀ ਆਪਣੀ ਕਮਿਊਨਿਟੀ ਦੇ ਭਵਿੱਖ ਵਾਸਤੇ ਦ੍ਰਿਸ਼ਟੀ ਕੀ ਹੈ।

ਅਸੀਂ ਜਾਣਦੇ ਹਾਂ ਕਿ ਇਹ ਯਕੀਨੀ ਬਣਾਉਣਾ ਕਿ ਸਾਡੀ ਕਮਿਊਨਿਟੀ ਪਾਸ ਰਿਹਾਇਸ਼ ਦੇ ਕਈ ਵਿਕਲਪ ਹੋਣ, ਸਾਡੇ ਭਵਿੱਖ ਦਾ ਵੱਡਾ ਭਾਗ ਹੋਵੇਗਾ, ਅਤੇ ਅਸੀਂ ਆਪਣੀ ਅਫੋਰਡੇਬਲ ਹਾਊਸਿੰਗ ਸਟ੍ਰੈਟਜੀ ਨੂੰ ਲਾਗੂ ਕਰਨ ਦੁਆਰਾ ਆਪਣੇ ਸਾਰੇ ਸ਼ਹਿਰ ਵਾਸੀਆਂ ਲਈ ਰਿਹਾਇਸ਼ ਦੇ ਮੌਕਿਆਂ ਨੂੰ ਵਧਾਉਣ ਵਾਸਤੇ ਵਚਨਬਧਤਾ ਬਣਾਈ ਹੋਈ ਹੈ। ਅਸੀਂ ਮਨਜ਼ੂਰੀਆਂ ਅਤੇ ਪ੍ਰਮਿੱਟ ਜਾਰੀ ਕਰਨ ਦੇ ਅਮਲ ਨੂੰ ਸੁਖਾਲਿਆਂ ਬਣਾਉਣ ਵਾਸਤੇ ਆਪਣੇ ਬਿਲਡਿੰਗ ਪ੍ਰਮਿੱਟਾਂ ਅਤੇ ਇੰਸਪੈਕਸ਼ਨਾਂ ਨੂੰ ਵੀ ਡਿਜੀਟਲ ਕੀਤਾ ਹੈ, ਜਿਸ ਨਾਲ ਨਵੇਂ ਘਰਾਂ ਦੀ ਉਸਾਰੀ ਸ਼ੁਰੂ ਕਰਨ 'ਚ ਤੇਜ਼ੀ ਆਵੇਗੀ ਅਤੇ ਐਬਟਸਫੋਰਡ 'ਚ ਰਿਹਾਇਸ਼ ਤੱਕ ਵਧੇਰੇ ਪਹੁੰਚ ਬਣੇਗੀ।

ਇਹ ਇਕ ਅਜਿਹਾ ਸ਼ਹਿਰ ਹੈ ਜਿਸ ਨੂੰ ਕੌਂਸਲ ਵਿਚਲੇ ਸਾਰੇ ਅਸੀਂ ਬਹੁਤ ਪਿਆਰ ਕਰਦੇ ਹਾਂ। ਇਹ ਸਾਡਾ ਘਰ ਹੈ। ਇਹ ਥਾਂ ਹੈ ਜਿੱਥੇ ਅਸੀਂ ਆਪਣੀਆਂ ਜੜ੍ਹਾਂ ਲਗਾਈਆਂ ਅਤੇ ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੇ ਹਾਂ। ਸਾਡੇ ਵਿਚੋਂ ਹਰੇਕ ਵਾਸਤੇ ਇਸ ਗਤੀਸ਼ੀਲ ਅਤੇ ਜੀਵਿਤ ਕਮਿਊਨਿਟੀ ਦੀ ਸੇਵਾ ਕਰਨਾਂ ਇਕ ਵਿਸ਼ੇਸ਼ ਅਧਿਕਾਰ ਹੈ ਅਤੇ ਆਪਣੀ ਕਮਿਊਨਿਟੀ ਵਿਚ ਸਾਰੇ ਨਿਵਾਸੀਆਂ ਦਾ ਜੀਵਨ ਪੱਧਰ ਹੋਰ ਸੁਧਾਰਨ ਵਾਸਤੇ ਅਸੀਂ ਕੰਮ ਕਰਨਾਂ ਜਾਰੀ ਰੱਖਾਂਗੇ, ਜਦੋਂ ਕਿ ਅਸੀਂ ਆਪਣੇ ਸ਼ਹਿਰ ਨੂੰ ਫਰੇਜ਼ਰ ਵੈਲੀ ਦੇ ਆਰਥਿਕ ਅਤੇ ਸੱਭਿਆਚਾਰਕ ਧੁਰੇ ਵਜੋਂ ਉਸਾਰ ਰਹੇ ਹੋਵਾਂਗੇ।

Ross Siemens

**Ross Siemens**
**Mayor**

## 2022-2026 **ਐਬਟਸਫੋਰਡ ਸਿਟੀ ਕੌਂਸਲ**

**ਸਾਡਾ ਉਦੇਸ਼:** ਮੌਜੂਦਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਮੂਲ ਸੇਵਾਵਾਂ ਪ੍ਰਦਾਨ ਕਰਨ ਦੁਆਰਾ ਅਸੀਂ ਆਪਣੇ ਸ਼ਹਿਰ ਅੰਦਰ ਜੀਵਨ ਦੇ ਪੱਧਰ ਨੂੰ ਲਗਾਤਾਰ ਸੁਧਾਰਨ ਵਾਸਤੇ ਸਿਰਤੋੜ ਕੋਸ਼ਿਸ਼ਾਂ ਕਰਦੇ ਹਾਂ।




## ਕੌਂਸਲ ਦੇ **ਅਗਵਾਈਕਾਰ ਸਿਧਾਂਤ**

- **ਸੰਮਿਲਤ ਅਤੇ ਪ੍ਰਸਪਰ ਜੁੜੀ ਹੋਈ ਕਮਿਊਨਿਟੀ**
- **ਚਿਰਸਥਾਈ ਅਤੇ ਸੁਰੱਖਿਅਤ ਸ਼ਹਿਰ**
- **ਜੀਵੰਤ ਅਤੇ ਪ੍ਰਫੁਲਤ ਹੋ ਰਹੀ ਆਰਥਿਕਤਾ**
- **ਸੰਸਥਾਗਤ ਉਤਮਤਾ ਅਤੇ ਦਿਆਨਦਾਰੀ**

## 2023 **ਸਟ੍ਰੈਟਜਿਕ ਪਲੈਨ ਦੀਆਂ ਪੂਰੀਆਂ ਹੋਈਆਂ ਤਰਜੀਹਾਂ**

### ਸਿਧਾਂਤ 1: ਸੰਮਿਲਤ ਅਤੇ ਪ੍ਰਸਪਰ ਜੁੜੀ ਹੋਈ ਕਮਿਊਨਿਟੀ

- ਮੌਂਟਰੋਜ਼ ਟ੍ਰਾਂਜ਼ਿਟ ਐਕਸਚੇਂਜ ਵਾਸਤੇ ਫੰਡਿੰਗ ਰੱਖੀ
- ਐਡਵਾਂਸ ਪਾਰਕ ਸੁਵਿਧਾਵਾਂ
- ਕਮਿਊਨਿਟੀ ਅਮੈਨਿਟੀ ਕੰਟਰੀਬਿਊਸ਼ਨਜ਼ ਐਂਡ ਡੈਂਸਿਟੀ-ਬੋਨਸ ਪਾਲਿਸੀ ਵਿਕਸਤ ਕੀਤੀ
- ਮੈਕੀ ਨੇਬਰਹੁੱਡ ਪਲੈਨ ਸ਼ੁਰੂ ਕੀਤੀ
- ਕਲਚਰ ਕੁਨੈਕਟ ਸਟ੍ਰੈਟਜੀ ਲਾਗੂ ਕੀਤੀ
- ਲੈਂਗਲੀ 'ਚ ਸਕਾਈ ਟਰੇਨ ਤੱਕ ਟ੍ਰਾਂਜ਼ਿਟ (ਬੀ ਸੀ ਟ੍ਰਾਂਜ਼ਿਟ/ਟ੍ਰਾਂਸਲਿੰਕ) ਨੂੰ ਵਧਾਉਣ ਲਈ ਵਕਾਲਤ ਕੀਤੀ

### ਸਿਧਾਂਤ 2: ਚਿਰ-ਸਥਾਈ ਅਤੇ ਸੁਰੱਖਿਅਤ ਸ਼ਹਿਰ

- ਕੌਂਸਲ ਕਮੇਟੀਆਂ ਦੀ ਪੁਨਰ-ਪੜਚੋਲ ਕੀਤੀ
- ਵਧੀਕ ਫੈਡਰਲ ਰੀਚਿੰਗ ਹੋਮ ਫੰਡਿੰਗ ਵਾਸਤੇ ਅਰਜ਼ੀ ਦਿੱਤੀ
- ਅਰਬਨ ਫੌਰੈਸਟਰੀ ਸਟ੍ਰੈਟਜੀ ਲਾਗੂ ਕੀਤੀ
- ਫਲੱਡ ਮਿਟੀਗੇਸ਼ਨ ਸਟ੍ਰੈਟਜੀ ਵਾਸਤੇ ਫੰਡਿੰਗ ਲਈ ਵਕਾਲਤ ਕੀਤੀ
- ਹੋਮਲੈੱਸਨੈੱਸ ਐਕਸ਼ਨ ਪਲੈਨ ਲਾਗੂ ਕੀਤੀ
- ਅਫੋਰਡੇਬਲ ਹਾਊਸਿੰਗ ਸਟ੍ਰੈਟਜੀ ਲਾਗੂ ਕੀਤੀ

### ਸਿਧਾਂਤ 3: ਜੀਵੰਤ ਅਤੇ ਪ੍ਰਫੁਲਤ ਹੋ ਰਹੀ ਆਰਥਿਕਤਾ

- ਐਗਰੀਟੈੱਕ 'ਚ ਪੂੰਜੀ-ਨਿਵੇਸ਼ ਦੇ ਮੌਕਿਆਂ ਦੀ ਵਕਾਲਤ ਅਤੇ ਹਿਮਾਇਤ ਕੀਤੀ
- ਐਬਟਸਫੋਰਡ ਇੰਟਰਨੈਸ਼ਨਲ ਏਅਰਪੋਰਟ ਦਾ ਵਿਕਾਸ ਜਾਰੀ ਰੱਖਿਆ
- ਆਮਦਨ ਉਪਜਾਉਣ ਵਾਲੇ ਮੌਕਿਆਂ ਦੀ ਭਾਲ ਕੀਤੀ
- ਇੰਟਰਗਵਰਨਮੈਂਟਲ ਅੱਪਡੇਟ ਕੀਤੀ

### ਸਿਧਾਂਤ 4: ਸੰਸਥਾਗਤ ਉਤਮਤਾ ਅਤੇ ਦਿਆਨਤਦਾਰੀ

- ਇੱਕ ਰਿਟੈਂਸ਼ਨ ਸਟ੍ਰੈਟਜੀ ਵਿਕਸਤ ਕੀਤੀ
- ਸਿਟੀ ਸੇਵਾਵਾਂ ਨੂੰ ਆਧੁਨਿਕ ਕਰਨਾਂ ਜਾਰੀ ਰੱਖਿਆ
- ਕਮਿਊਨਿਟੀ ਨਾਲ ਆਦਾਨ-ਪ੍ਰਦਾਨ ਅਤੇ ਜਾਣਕਾਰੀ ਤੱਕ ਪਹੁੰਚ ਵਿਚ ਵਾਧਾ
- ਆਰਗੇਨਾਈਜ਼ੇਸ਼ਨ ਵਾਸਤੇ ਲੋੜਾਂ ਦੀ ਪੁਨਰ-ਪੜਚੋਲ ਕੀਤੀ
- ਸੁਰੱਖਿਅਤ
ਅਤੇ ਪ੍ਰਸਪਰ ਰੁਝਿਆ ਹੋਵੇ

## ਜੁੜੇ ਰਹੋ

### ਸੋਸ਼ਲ ਮੀਡੀਆ

**FACEBOOK** /CityofAbbotsford | /AbbotsfordPRC

**X** @City_Abbotsford | @yxxairport **INSTAGRAM** @TheCityOfAbbotsford | @AbbotsfordPRC

**YOUTUBE** /cityofabbotsfordbc **LINKED IN** @cityofabbotsford

**WEB** abbotsford.ca | abbotsfordairport.ca | ourwatermatters.ca

### ਕੌਂਸਲ ਮੀਟਿੰਗਾਂ

ਮੈਅਰ ਅਤੇ ਕੌਂਸਲ ਕਾਰਜਸ਼ੀਲ ਢੰਗ ਨਾਲ ਸਾਡੀ ਕਮਿਊਨਿਟੀ 'ਚ ਸ਼ਾਮਲ ਰਹਿੰਦੇ ਹਨ। ਆਪਣੀ ਸਿਟੀ ਕੌਂਸਲ ਵੱਲੋਂ ਕੀਤੇ ਗਏ ਕੁਝ ਕੁ ਮਹੱਤਵਪੂਰਨ ਵੇਖੋ ਅਤੇ **abbotsford.ca/council/your-council-community** 'ਤੇ ਜਾਕੇ ਕੌਂਸਲ ਦੀਆਂ ਸੰਖੇਪ ਸੂਚਨਾਵਾਂ, ਕੌਂਸਲ ਬਲੌਗ ਅਤੇ ਹੋਰ ਅੱਪਡੇਟਾਂ ਸਿੱਧੀਆਂ ਆਪਣੇ ਇੰਨਬਾਕਸ 'ਚ ਪ੍ਰਾਪਤ ਕਰਨ ਲਈ ਸਾਈਨ ਅੱਪ ਕਰੋ।

ਸਿਟੀ ਕੌਂਸਲ ਮੀਟਿੰਗਾਂ ਮੰਗਲਵਾਰ ਨੂੰ ਹੁੰਦੀਆਂ ਹਨ। ਕੌਂਸਲ ਮੀਟਿੰਗਾਂ ਦੀ ਮੁਕੰਮਲ ਸਮਾਂ-ਸੂਚੀ **abbotsford.ca/councilagenda** 'ਤੇ ਜਾ ਕੇ ਵੇਖੀ ਜਾ ਸਕਦੀ ਹੈ

ABBOTSFORD

HUB of the fraser valley

# ਸਾਰੇ ਪ੍ਰਾਪਰਟੀ ਟੈਕਸ ਮੰਗਲਵਾਰ, 2 ਜੁਲਾਈ 2024 ਨੂੰ ਦੇਣਯੋਗ ਹਨ

**ਨੋਟ: ਟੈਕਸ ਦੰਡ ਲਾਗੂ ਹੁੰਦੇ ਹਨ: ਪਹਿਲੇ 5% ਦੰਡ ਲਈ ਤਰੀਕ: 3 ਜੁਲਾਈ 2024 ਦੂਸਰੇ 5% ਦੰਡ ਲਈ ਤਰੀਕ: 17 ਸਤੰਬਰ 2024**

## ਪ੍ਰਾਪਰਟੀ ਟੈਕਸ **ਦੇਣ ਲਈ ਵਿਕਲਪ**

### ਕਿਵੇਂ ਅਦਾ ਕਰਨਾਂ ਹੈ

**ਆਨਲਾਈਨ ਸਭ ਤੋਂ ਸੌਖਾ ਹੈ!**

ਆਪਣੇ ਆਨਲਾਈਨ ਬੈਂਕਿੰਗ ਸਿਸਟਮ ਰਾਹੀਂ ਐਬਟਸਫੋਰਡ ਪ੍ਰਾਪਰਟੀ ਟੈਕਸ ਨੂੰ ਇਕ ਬਿੱਲ ਪ੍ਰਾਪਤਕਰਤਾ (ਪਏਏ) ਵਜੋਂ ਸੈੱਟ ਕਰ ਲਉ ਅਤੇ ਅਤੇ ਅਦਾਇਗੀ ਕਰੋ, ਜਿਵੇਂ ਤੁਸੀਂ ਕੋਈ ਹੋਰ ਬਿੱਲ ਅਦਾ ਕਰਦੇ ਹੋ। "ਅਬਬੋਟਸਫ਼ੋਰਦ" ਵਾਸਤੇ ਸਰਚ ਕਰੋ ਅਤੇ "ਪਰੋਪੲਰਟੲ ਟਓਣੲਸ" ਨੂੰ ਬਿੱਲ ਪ੍ਰਾਪਤਕਰਤਾ ਵਜੋਂ ਚੁਣ ਲਉ। ਆਪਣੇ ਟੈਕਸ ਨੋਟਿਸ ਉਪਰਲੇ 10 ਹਿੰਦਸਿਆਂ ਦੇ ਫੋਲਿਓ ਨੰਬਰ ਨੂੰ ਅਕਾਊਂਟ ਨੰਬਰ ਵਜੋਂ ਵਰਤੋ।

**ਚੈੱਕ ਦੁਆਰਾ ਅਦਾਇਗੀ ਕਰਨਾਂ**

ਅਦਾਇਗੀ ਜ਼ਰੂਰ **2 ਜੁਲਾਈ 2024** ਤੱਕ ਸਿਟੀ ਹਾਲ 'ਚ ਪ੍ਰਾਪਤ ਹੋਣੀ ਚਾਹੀਦੀ ਹੈ। ਗੁਆਚ ਗਏ, ਚੋਰੀ ਹੋ ਗਏ ਜਾਂ ਦੇਰ ਨਾਲ ਪੁੱਜੇ ਲਿਫਾਫੇ ਜੇਕਰ ਆਖਰੀ ਤਰੀਕ ਤੋਂ ਮਗਰੋਂ ਮਿਲਦੇ ਹਨ ਤਾਂ ਉਨ੍ਹਾਂ 'ਤੇ ਪੈਨਲਟੀ ਲੱਗੇਗੀ। ਡਾਕ ਦੀ ਮੁਹਰ ਦੀ ਤਰੀਕ ਨੂੰ ਅਦਾਇਗੀ ਦੀ ਤਰੀਕ ਵਜੋਂ ਮਨਜ਼ੂਰ ਨਹੀਂ ਕੀਤਾ ਜਾਂਦਾ। ਇਸ ਲਈ ਕਿਰਪਾ ਕਰਕੇ ਆਪਣੇ ਮੇਲ ਕੀਤੇ ਚੈੱਕ ਦੇ ਪਹੁੰਚਣ ਲਈ ਵਿਚਕਾਰ ਕੁਝ ਸਮਾਂ ਰੱਖੋ।

ਚੈੱਕ ਸਿਟੀ ਆਫ ਐਬਟਸਫੋਰਡ ਨੂੰ ਦੇਣਯੋਗ ਲਿਖੋ। ਦੇਣਯੋਗ ਤਰੀਕ ਲਈ ਲਿਖੇ ਪੋਸਟ-ਡੇਟ ਚੈੱਕ ਮਨਜ਼ੂਰ ਕੀਤੇ ਜਾਂਦੇ ਹਨ।

**ਕਰੈਡਿਟ ਕਾਰਡ ਰਾਹੀਂ ਅਦਾਇਗੀ ਕਰਨਾਂ**

ਕਰੈਡਿਟ ਕਾਰਡ ਕੇਵਲ ਆਨਲਾਈਨ ਟੈਕਸ ਅਤੇ ਯੂਟਿਲਿਟੀ ਅਦਾਇਗੀਆਂ ਵਾਸਤੇ ਮਨਜ਼ੂਰ ਕੀਤੇ ਜਾਂਦੇ ਹਨ ਅਤੇ ਇਹ ਸਿਟੀ ਹਾਲ 'ਚ ਇੰਨ-ਪਰਸਨ ਮਨਜ਼ੂਰ ਨਹੀਂ ਕੀਤੇ ਜਾਂਦੇ। ਆਨਲਾਈਨ ਅਦਾਇਗੀ ਕਰਨ ਲਈ ਵੇਖੋ **abbotsford.ca/creditcard.**

1.75% ਸਰਵਿਸ ਫੀਸ ਲਾਗੂ ਹੋਵੇਗੀ

**ਆਪਣੇ ਟੈਕਸ ਬਿੱਲ ਬਾਰੇ ਤੁਹਾਡੇ ਕੋਈ ਸਵਾਲ ਹਨ?**

ਫੋਨ ਕਰੋ 604-864-5522, ਸਵੇਰੇ 8:30 ਵਜੇ ਤੋਂ ਸ਼ਾਮ 4:30 ਵਜੇ ਦੇ ਦਰਮਿਆਨ, ਸੋਮਵਾਰ ਤੋਂ ਸ਼ੁੱਕਰਵਾਰ ਤੱਕ ਜਾਂ ਈਮੇਲ ਕਰੋ **cash@abbotsford.ca**, ਜਾਂ ਵੇਖੋ **abbotsford.ca/propertytaxes**

### ਅਦਾਇਗੀ ਕਿੱਥੇ ਕਰਨੀ ਹੈ

**ਆਨਲਾਈਨ ਅਦਾਇਗੀ ਕਰੋ**

ਨਿਵਾਸੀ ਸੌਖਿਆਂ ਹੀ ਕਿਸੇ ਵਿੱਤੀ ਸੰਸਥਾ ਰਾਹੀਂ ਆਪਣਾ ਪ੍ਰਾਪਰਟੀ ਟੈਕਸ ਕਿਸੇ ਵੀ ਸਮੇਂ ਆਨਲਾਈਨ ਅਦਾ ਕਰ ਸਕਦੇ ਹਨ।

**ਆ ਕੇ ਪਾਉ ਜਾਂ ਸਿਟੀ ਹਾਲ ਨੂੰ ਮੇਲ ਕਰੋ**

ਟੈਕਸਾਂ ਲਈ ਚੈੱਕ ਮੇਲ ਕੀਤੇ ਜਾ ਸਕਦੇ ਜਾਂ ਸਿਟੀ ਹਾਲ ਦੇ ਡਰਾਪ ਬਾਕਸ 'ਚ ਪਾਏ ਜਾ ਸਕਦੇ ਹਨ। 2 ਡਰਾਪ ਬਾਕਸ ਹਨ, ਹਰੇਕ ਪ੍ਰਵੇਸ਼ ਦੁਆਰ 'ਤੇ ਇਕ। ਕਿਰਪਾ ਕਰਕੇ **ਨਕਦੀ ਨਾ ਪਾਉ।** ਇਹ ਬਕਸੇ ਹਰ ਰੋਜ਼ ਖਾਲੀ ਕੀਤੇ ਜਾਂਦੇ ਹਨ। **ਉਸਾਰੀ ਦੇ ਕੰਮ ਕਰਕੇ ਪਾਰਕਿੰਗ ਸੀਮਤ ਹੈ।**

**ਸਿਟੀ ਹਾਲ 'ਚ ਖੁਦ ਆ ਕੇ**

ਟਸਿਟੀ ਹਾਲ ਸਵੇਰੇ 8:30 ਵਜੇ ਤੋਂ ਲੈ ਕੇ ਸ਼ਾਮ 4:30 ਵਜੇ ਤੱਕ, ਸੋਮਵਾਰ-ਸ਼ੁੱਕਰਵਾਰ ਖੁੱਲ੍ਹਾ ਹੈ, ਸਾਰੀਆਂ ਸਰਕਾਰੀ ਛੁੱਟੀਆਂ ਨੂੰ ਬੰਦ ਹੁੰਦਾ ਹੈ, ਅਤੇ 32315 ਸਾਊਥ ਫਰੇਜ਼ਰ ਵੇਅ 'ਤੇ ਸਥਿੱਤ ਹੈ। ਸਿਟੀ ਹਾਲ ਅਦਾਇਗੀ ਦੇ ਅੱਗੇ ਦਿੱਤੇ ਤਰੀਕੇ ਮਨਜ਼ੂਰ ਕਰਦਾ ਹੈ: ਨਕਦ, ਡੈਬਿਟ ਕਾਰਡ ਅਤੇ ਚੈੱਕ। **ਉਸਾਰੀ ਦੇ ਕੰਮ ਕਰਕੇ ਪਾਰਕਿੰਗ ਸੀਮਤ ਹੈ।**

**ਆਪਣੀ ਵਿੱਤੀ ਸੰਸਥਾ 'ਚ**

ਪ੍ਰਾਪਰਟੀ ਟੈਕਸਾਂ ਦੀ ਅਦਾਇਗੀ ਕੈਨੇਡਾ ਦੀ ਕਿਸੇ ਵੀ ਵਿੱਤੀ ਸੰਸਥਾ 'ਚ ਕੀਤੀ ਜਾ ਸਕਦੀ ਹੈ। ਕਿਰਪਾ ਕਰਕੇ ਯਕੀਨੀ ਬਣਾਉ ਕਿ ਤੁਹਾਡੀ ਪੇਮੈਂਟ ਨਿਯਤ ਤਰੀਕ ਤੱਕ ਪਹੁੰਚ ਜਾਵੇ।

### ਨਵੇਂ ਘਰ ਮਾਲਕ

ਨਵੇਂ ਪ੍ਰਾਪਰਟੀ ਮਾਲਕ ਪੈਨਲਟੀ ਤੋਂ ਬਚਣ ਲਈ ਦੇਣਯੋਗ ਤਰੀਕ ਤੱਕ ਆਪਣੇ ਸਲਾਨਾਂ ਪ੍ਰਾਪਰਟੀ ਟੈਕਸਾਂ ਦੀ ਅਦਾਇਗੀ ਕਰਨ ਲਈ ਜ਼ਿੰਮੇਵਾਰ ਹਨ, ਭਾਵੇਂ ਉਨ੍ਹਾਂ ਨੂੰ ਪ੍ਰਾਪਰਟੀ ਟੈਕਸ ਨੋਟਿਸ ਮਿਲਿਆ ਹੈ ਜਾਂ ਨਹੀਂ।

ਜਿੰਨ੍ਹਾਂ ਪ੍ਰਾਪਰਟੀ ਮਾਲਕਾਂ ਨੂੰ ਜੂਨ ਦੇ ਦੂਸਰੇ ਹਫਤੇ ਤੱਕ ਉਨ੍ਹਾਂ ਦਾ ਟੈਕਸ ਨੋਟਿਸ ਨਹੀਂ ਮਿਲਿਆ, ਉਨ੍ਹਾਂ ਨੂੰ ਪ੍ਰਾਪਰਟੀ ਟੈਕਸ ਡਿਵੀਜ਼ਨ ਨਾਲ 604-864-5522 'ਤੇ ਸੰਪਰਕ ਕਰਨਾਂ ਚਾਹੀਦਾ ਹੈ।

### ਹੋਮ ਓਨਰ ਗਰਾਂਟ

ਹੋਮ ਓਨਰ ਗਰਾਂਟ ਵਾਸਤੇ ਪ੍ਰੋਵਿੰਸ ਆਫ ਬੀ ਸੀ ਰਾਹੀਂ ਸਿੱਧਿਆਂ ਅਰਜ਼ੀ ਦਿਉ। **ਸਿਟੀ ਆਫ ਐਬਟਸਫੋਰਡ ਤੁਹਾਡੀ ਹੋਮ ਓਨਰ ਗਰਾਂਟ ਪ੍ਰਸੈੱਸ ਨਹੀਂ ਕਰ ਸਕਦਾ।**

**ਅਰਜ਼ੀ ਕਿਵੇਂ ਦੇਣੀ ਹੈ:**

ਆਨਲਾਈਨ:
**gov.bc.ca/homeownergrant**
ਫੋਨ ਕਰੋ: **1-888-355-2700**

ਗਰਾਂਟ ਬਾਰੇ ਨੋਟ:

2024 'ਚ ਹੋਮਓਨਰ ਹੱਦ 2,150,000 ਡਾਲਰ ਹੈ। ਇਸ ਹੱਦ ਤੋਂ ਉਪਰਲੇ ਮੁਲਾਂਕਣ ਕੀਤੇ 1,000 ਡਾਲਰ ਮੁੱਲ ਲਈ ਗਰਾਂਟ 5 ਡਾਲਰ ਘਟ ਜਾਂਦੀ ਹੈ। ਮੁਢਲੀ ਗਰਾਂਟ 2,264,000 ਡਾਲਰ 'ਤੇ ਖਤਮ ਹੋ ਜਾਂਦੀ ਹੈ। ਵਧੀਕ/ਸੀਨੀਅਰ ਗਰਾਂਟ 2,319,000 ਡਾਲਰ 'ਤੇ ਖਤਮ ਹੋ ਜਾਂਦੀ ਹੈ।

### ਟੈਕਸ਼ ਅਗਾਂਹ ਪਾਉਣ ਦਾ ਪ੍ਰਗਰਾਮ

ਤੁਸੀਂ ਆਪਣੀ ਮੁੱਖ ਰਿਹਾਇਸ਼ ਦੇ ਟੈਕਸ ਅਗਾਂਹ ਪਾਉਣ ਲਈ ਯੋਗ ਹੋ ਸਕਦੇ ਹੋ ਜੇਕਰ ਤੁਸੀਂ ਸੂਬਾਈ ਪ੍ਰੋਗਰਾਮ ਦੇ ਮਾਪਦੰਡ ਪੂਰੇ ਕਰਦੇ ਹੋਵੋ।

**ਅਰਜ਼ੀ ਕਿਵੇਂ ਦੇਣੀ ਹੈ:**

ਆਨਲਾਈਨ:
**gov.bc.ca/propertytaxdeferment**
ਫੋਨ ਕਰੋ: **1-888-355-2700**

**ਤੁਸੀਂ ਆਪਣੇ ਟੈਕਸ ਸਿਟੀ ਆਫ ਐਬਟਸਫੋਰਡ ਰਾਹੀਂ ਅਗਾਂਹ ਨਹੀਂ ਪਾ ਸਕਦੇ। ਤੁਹਾਨੂੰ ਜ਼ਰੂਰੀ ਤੌਰ 'ਤੇ ਇਹ ਪ੍ਰੋਵਿੰਸ ਆਫ ਬੀ ਸੀ ਰਾਹੀਂ, ਆਨਲਾਈਨ ਜਾਂ ਫੋਨ ਦੁਆਰਾ ਕਰਨਾ ਪਵੇਗਾ।**

ਇਹ ਖਬਰਨਾਮਾ ਪੰਜਾਬੀ ਦੇ ਵਿਚ ਪੜ੍ਹਨ ਲਈ, ਵਿਜ਼ਿਟ ਕਰੋ **abbotsford.ca**. | To read this newsletter in Punjabi, visit **abbotsford.ca**.

## ਟੈਕਸ ਡਾਲਰ ਅਤੇ ਯੂਜ਼ਰ ਫੀਸਾਂ **ਸਿਟੀ ਦੀਆਂ ਸੇਵਾਵਾਂ ਲਈ ਅਦਾਇਗੀਆਂ ਕਰਦੇ ਹਨ**

ਇਹ ਗਰਾਫਿਕ ਤਸਵੀਰ ਪੇਸ਼ ਕਰਦਾ ਹੈ ਕਿ ਕਿਵੇਂ ਟੈਕਸ ਦਾ ਪੈਸਾ ਸਾਰੀ ਕਮਿਊਨਿਟੀ ਭਰ 'ਚ ਸੇਵਾਵਾਂ ਅਤੇ ਸਹੂਲਤਾਂ ਦੇਣ 'ਚ ਸਹਾਈ ਹੋਣ ਲਈ ਵੰਡਿਆ ਜਾਂਦਾ ਹੈ। ਡਾਲਰਾਂ ਦੀ ਰਕਮ ਇਕ ਆਮ ਇਕਹਿਰੇ ਪਰਿਵਾਰ ਦੀ ਰਿਹਾਇਸ਼ ਦੇ 2023 ਲਈ 1,157,000 ਡਾਲਰ ਦੇ ਪ੍ਰਾਪਰਟੀ ਮੁਲਾਂਕਣ ਲਈ 2024 ਦੇ ਬੱਜਟ ਕੀਤੇ ਮਿਊਂਸਿਪਲ ਟੈਕਸਾਂ 'ਤੇ ਆਧਾਰਿਤ ਹੈ।

| | |
|---|---|
| ਪੁਲਿਸ | **$1,025** |
| ਪਾਰਕਾਂ, ਮਨੋਰੰਜਨ ਅਤੇ ਸੱਭਿਆਚਾਰ | **$382** |
| ਅੱਗ, ਬਚਾਉ ਅਤੇ ਐਮਰਜੈਂਸੀ | **$380** |
| ਵਾਟਰਵਰਕਸ | **$316** |
| ਠੋਸ ਕੂੜ-ਕਬਾੜ | **$340** |
| ਆਵਾਜਾਈ ਅਤੇ ਟ੍ਰਾਂਜ਼ਿਟ | **$305** |
| ਆਮ ਸਰਕਾਰ | **$200** |
| ਸੈਨੇਟਰੀ ਸਿਊਰ | **$257** |
| ਮੌਜੂਦਾ ਅਤੇ ਭਵਿੱਖਤ ਇੰਫਰਾਸਟ੍ਰੱਕਚਰ | **$338** |
| ਕਰਜ਼ਾ ਸਰਵਿਸ | **$102** |
| ਲਾਇਬ੍ਰੇਰੀ | **$89** |
| ਡਰੇਨੇਜ | **$69** |
| ਯੋਜਨਾਂਬੰਦੀ ਅਤੇ ਡਿਵੈਲਪਮੈਂਟ | **$63** |

**ਖ਼ੁੱਲ $3,866 | ਇਸ ਸਾਲ ਦਾ ਟੈਕਸ ਵਾਧਾ 4.62% ਜਮਾਂ 0.50% ਇੰਫ੍ਰਾਸਟ੍ਰੱਕਚਰ ਲੈਵੀ ਹੈ (ਕੁੱਲ 5.12%)**

## ਤੁਹਾਡਾ **ਡਾਲਰ ਕਿੱਥੇ**

ਸਿਟੀ ਆਫ ਐਬਟਸਫੋਰਡ ਨੂੰ ਪ੍ਰੋਵਿੰਸ ਆਫ ਬੀ ਸੀ ਅਤੇ ਹੋਰ ਅਥਾਰਿਟੀਆਂ, ਜਿੰਨ੍ਹਾਂ 'ਚ ਸਕੂਲ ਡਿਸਟ੍ਰਿਕਟ, ਬੀ ਸੀ ਅਸੈੱਸਮੈਂਟ, ਮਿਊਂਸਿਪਲ ਫਾਈਨੈਂਸ ਅਥਾਰਿਟੀ, ਫਰੇਜ਼ਰ ਵੈਲੀ ਰਿਜਨਲ ਡਿਸਟ੍ਰਿਕਟ, ਫਰੇਜ਼ਰ ਵੈਲੀ ਰਿਜਨਲ ਹੌਸਪੀਟਲ ਡਿਸਟ੍ਰਿਕਟ ਅਤੇ ਬਿਜ਼ਨਸ ਇੰਮਪਰੂਵਮੈਂਟ ਏਰੀਆਂ ਵਾਸਤੇ ਪ੍ਰਾਪਰਟੀ ਟੈਕਸ ਇਕੱਠੇ ਕਰਨੇ ਲੋੜੀਂਦੇ ਹਨ। ਹਰੇਕ ਡਾਲਰ ਜੋ ਸਿਟੀ ਇਕੱਠਾ ਕਰਦਾ ਹੈ, ਉਸ ਵਿਚੋਂ 35 ਸੈਂਟ ਹੋਰ ਅਥਾਰਿਟੀਆਂ ਨੂੰ ਚਲੇ ਜਾਂਦੇ ਹਨ। ਹਰੇਕ ਡਾਲਰ ਵਿਚੋਂ 65 ਸੈਂਟ ਸਿਟੀ ਸੇਵਾਵਾਂ ਵਾਸਤੇ ਇਕੱਠੇ ਕੀਤੇ ਅਤੇ ਵਰਤੇ ਜਾਂਦੇ ਹਨ।




### ਪਾਰਕਿੰਗ ਬਾਰੇ ਯਾਦ ਕਰਾਉਣਾ!

**ਓਸਾਰੀ ਦੇ ਕੰਮ ਕਰਕੇ ਸਿਟੀ ਹਾਲ 'ਚ ਪਾਰਕਿੰਗ ਬਹੁਤ ਸੀਮਤ ਹੈ। ਕਿਰਪਾ ਕਰਕੇ ਆਪਣੇ ਟੈਕਸ ਆਨਲਾਈਨ ਅਦਾ ਕਰੋ, ਜਾਂ ਸਿਟੀ ਹਾਲ ਤੋਂ ਬਾਹਰ ਲੱਗੇ ਤੰਬੂ 'ਚ ਆਪਣੇ ਚੈੱਕ ਸਟਾਫ ਕੋਲ ਛੱਡਣ ਲਈ ਤਿਆਰ ਰਹੋ।**

ਤੁਸੀਂ ਆਪਣੀਆਂ ਅਦਾਇਗੀਆਂ ਸੁਰੱਖਿਆ ਸਹਿਤ, ਕੋਈ ਉਡੀਕ ਕਰਨ ਤੋਂ ਬਗੈਰ, 24/7 ਡਰਾਪ ਬਾਕਸਾਂ 'ਚ ਵੀ ਪਾ ਸਕਦੇ ਹੋ।

2 ਡਰਾਪ ਬਾਕਸ ਹਨ, ਹਰੇਕ ਪ੍ਰਵੇਸ਼ ਦੁਆਰ 'ਤੇ ਇਕ। ਕਿਰਪਾ ਕਰਕੇ ਨਕਦੀ **ਨਾ ਪਾਉ**


**CITY OF ABBOTSFORD**
32315 South Fraser Way, Abbotsford BC V2T 1W7 604-853-2281 www.abbotsford.ca